ਦਫਤਰ ਡਾਇਰੈਕਟਰ ਸਿਖਿਆ ਵਿਭਾਗ (ਐਲੀ) ਪੰਜਾਬ ਕੰਪਲੈਕਸ ਪੰਜਾਬ ਸਕੂਲ ਸਿਖਿਆ
ਬੋਰਡ, 6ਵੀ ਮੰਜਿਲ, ਈ ਬਲਾਕ, ਫੇਜ-8, ਮੁਹਾਲੀ।
dpiee.service@punjabeducation.gov.in

ਨੰ :10/184-2019 ਸੇਵਾਵਾਂ(4)/੮੪੮੨੦। ਮਿਤੀ :ਐਸ ਏ ਐਸ ਨਗਰ: 21-11-2019

## ਪਬਲਿਕ ਨੋਟਿਸ

ਪੰਜਾਬ ਲੋਕ ਸੇਵਾ ਕਮਿਸਨ, ਪਟਿਆਲਾ ਵਲੋ ਮਿਤੀ 09-03-2019 ਨੂੰ ਬਲਾਕ ਪ੍ਰਾਇਮਰੀ ਸਿਖਿਆ ਅਫਸਰ ਦੀਆ ਸਿੱਧੀ ਭਰਤੀ ਦੀਆਂ 38 ਅਸਾਮੀਆਂ ਨੂੰ ਭਰਨ ਲਈ ਦਿਤੇ ਵਿਗਿਆਪਨ ਵਿਰੁਧ ਚੁਣੇ ਗਏ ਯੋਗ ਉਮੀਦਵਾਰ ਨੂੰ ਮਿਤੀ 15/11/2019 ਨੂੰ ਇਸ ਦਫਤਰ ਵਿਖੇ ਬੁਲਾ ਕੇ ਕੇਵਲ 10 ਜਿਲ੍ਹਿਆਂ ਵਿਚ ਬੀ.ਪੀ.ਈ.ਓ. ਦੇ ਖਾਲੀ ਪਏ ਸਟੇਸ਼ਨਾਂ ਦੀ ਚੋਣ ਕਰਵਾਈ ਗਈ ਸੀ ਜਿੰਨ੍ਹਾਂ ਜਿਲ੍ਹਿਆਂ ਵਿਚ 45% ਤੋਂ ਵੱਧ ਬੀ.ਪੀ.ਈ.ਓਜ਼ ਦੀਆਂ ਅਸਾਮੀਆਂ ਖਾਲੀ ਸਨ।

ਨਵੇਂ ਚੁਣੇ ਗਏ ਬੀ.ਪੀ.ਈ.ਓਜ਼. ਵਲੋਂ ਕੀਤੀ ਜਾ ਰਹੀ ਮੰਗ ਨੂੰ ਧਿਆਨ ਵਿਚ ਰੱਖਦੇ ਹੋਏ ਰਾਜ ਦੇ ਸਮੂਹ ਜਿਲ੍ਹਿਆ ਵਿਚ ਬੀ.ਪੀ.ਈ.ਓ. ਦੀਆਂ ਖਾਲੀ ਅਸਾਮੀਆਂ ਨੂੰ ਦਰਸਾਉਣ ਉਪਰੰਤ ਨਵੇਂ ਸਿਰਿਓਂ ਸਟੇਸ਼ਨਾਂ ਦੀ ਚੋਣ ਕਰਨ ਲਈ ਆਪ ਸਭ ਨੂੰ ਮਿਤੀ 22-11-2019 ਨੂੰ ਸਵੇਰੇ 9.00 ਵਜੇ ਦਫਤਰ ਡਾਇਰੈਕਟਰ ਸਿਖਿਆ ਵਿਭਾਗ (ਐ:ਸਿ:) ਪੰਜਾਬ, 6ਵੀ ਮੰਜਿਲ, ਕੰਪਲੈਕਸ ਪੰਜਾਬ ਸਕੂਲ ਸਿਖਿਆ ਬੋਰਡ, ਈ ਬਲਾਕ, ਫੇਜ 8 ਐਸ ਏ ਐਸ ਨਗਰ ਵਿਖੇ ਸੱਦਾ ਦਿੱਤਾ ਜਾਂਦਾ ਹੈ। ਮਿਤੀ 15/11/2019 ਨੂੰ ਸਟੇਸ਼ਨਾਂ ਦੀ ਕਰਵਾਈ ਗਈ ਚੋਣ ਪ੍ਰਕ੍ਰਿਆ ਤਤਕਾਲ ਸਮੇਂ ਤੋਂ ਰੱਦ ਕੀਤੀ ਜਾਂਦੀ ਹੈ। ਇਹ ਵੀ ਸਪੱਸ਼ਟ ਕੀਤਾ ਜਾਂਦਾ ਹੈ ਕਿ ਗੈਰ ਹਾਜਰ ਰਹਿਣ ਵਾਲੇ ਉਮੀਦਵਾਰਾਂ ਨੂੰ ਹੋਰ ਮੌਕਾ ਨਹੀ ਦਿਤਾ ਜਾਵੇਗਾ ਅਤੇ ਅਗਲੇ ਮੈਰਿਟ ਵਿੱਚ ਆਉਂਦੇ ਯੋਗ ਉਮੀਦਵਾਰ ਨੂੰ ਵਿਚਾਰਿਆ ਜਾਵੇਗਾ।

ਸ. 21/11/19

ਡਿਪਟੀ ਡਾਇਰੈਕਟਰ (ਅਮਲਾ)
ਦ : ਡਾਇਰੈਕਟਰ ਸਿਖਿਆ ਵਿਭਾਗ (ਐਲੀ),
ਪੰਜਾਬ।